ਬੇਸਹਾਰਾ ਕੁੱਤਿਆਂ ਦੀ ਨਸਬੰਦੀ ਲਈ ਨਿਯਮਾਂ ਅਨੁਸਾਰ ਪ੍ਰਕਿਰਿਆ ਜਲਦ ਆਰੰਭ ਕਰਨ ਦੇ ਹੁਕਮ

ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ 'ਚ ਟਾਸਕ ਫੋਰਸ ਦਾ ਗਠਨ

ਫੋਟੋ: ਰਤਨ ਸ਼ਰਮਾ

ਸ਼ਹਿਰਾਂ 'ਚ ਕੰਟਰੋਲ ਰੂਮ ਸਥਾਪਤ, ਬੇਸਹਾਰਾ ਕੁੱਤਿਆਂ ਦੇ ਝੁੰਡਾਂ ਬਾਰੇ ਦਿੱਤੀ ਜਾ ਸਕਦੀ ਹੈ ਸੂਚਨਾ

ਅਮਨ ਮਹਿਤਾ

ਬੁਢਲਾਡਾ 9, ਜੂਨ : ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਹੇਠ 'ਪਸ਼ੂ ਜਨਮ ਨਿਯੰਤਰਣ ਪ੍ਰੋਗਰਾਮ' ਨੂੰ ਜ਼ਿਲ੍ਹੇ ਦੇ ਸ਼ਹਿਰੀ ਖੇਤਰਾਂ ਵਿੱਚ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਮੂਹ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਪਸ਼ੂ ਜਨਮ ਨਿਯੰਤਰਣ ਪ੍ਰੋਗਰਾਮ ਸਬੰਧੀ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਬੇਸਹਾਰਾ ਕੁੱਤਿਆਂ ਦੀ ਨਸਬੰਦੀ (ਅਪਰੇਸ਼ਨ) ਦੀ ਪ੍ਰਕਿਰਿਆ ਨੂੰ ਨਿਯਮਾਂ ਅਨੁਸਾਰ ਜਲਦ ਤੋਂ ਜਲਦ ਆਰੰਭ ਕਰਨ ਲਈ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਇਸ ਕਾਰਜ ਲਈ ਢੁਕਵੀਂ ਜਗ੍ਹਾ ਦੀ ਭਾਲ ਕੀਤੀ ਜਾਵੇ। ਉਨ੍ਹਾਂ ਨੇ ਦੱਸਿਆ ਕਿ ਪਸ਼ੂ ਜਨਮ ਨਿਯੰਤਰਣ ਪ੍ਰੋਗਰਾਮ ਤਹਿਤ ਬੁਢਲਾਡਾ, ਬਰੇਟਾ ਅਤੇ ਬੋਹਾ ਉੱਤੇ ਅਧਾਰਿਤ ਇੱਕ ਕਲਸਟਰ ਦਾ ਗਠਨ ਕਰਦੇ ਹੋਏ ਬੋਹਾ ਵਿਖੇ ਨਸਬੰਦੀ ਸੈਂਟਰ ਸਥਾਪਿਤ ਕਰਨ ਲਈ ਯੋਗ ਥਾਂ ਦੀ ਪਛਾਣ ਕੀਤੀ ਗਈ ਹੈ ਜਿਸ ਲਈ ਟੈਂਡਰ ਵੀ ਜਾਰੀ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮਾਨਸਾ, ਸਰਦੂਲਗੜ੍ਹ, ਜੋਗਾ ਤੇ ਭੀਖੀ ਅਧਾਰਿਤ ਕਲੱਸਟਰ ਵੀ ਬਣਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਨਿਰਦੇਸ਼ ਦਿੱਤੇ ਕਿ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿੱਚ ਅਜਿਹੇ 'ਹੌਟ ਸਪਾਟ' (ਵਧੇਰੇ ਪ੍ਰਭਾਵਿਤ) ਖੇਤਰਾਂ ਦੀ ਪਛਾਣ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਕਾਮਯਾਬ ਕਰਨ ਲਈ ਸਮੂਹ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਵਿਸ਼ੇਸ਼ 'ਟਾਸਕ ਫੋਰਸ' ਦਾ ਗਠਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵਿਸ਼ੇਸ਼ 'ਕੰਟਰੋਲ ਰੂਮ' ਵੀ ਸਥਾਪਤ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕਿਸੇ ਵੀ ਸਬੰਧਤ ਨਗਰ ਕੌਂਸਲ ਜਾਂ ਨਗਰ ਪੰਚਾਇਤ ਦੇ ਦਾਇਰੇ ਵਿੱਚ ਆਉਂਦੇ ਮੁਹੱਲੇ ਵਿੱਚ ਬੇਸਹਾਰਾ ਕੁੱਤੇ ਦਿਖਾਈ ਦਿੰਦੇ ਹਨ, ਤਾਂ ਸਥਾਨਕ ਨਾਗਰਿਕ, ਇਸ ਸਬੰਧੀ ਨਗਰ ਕੌਂਸਲ ਮਾਨਸਾ ਵਿਖੇ ਸ਼੍ਰੀ ਅਜੇ ਕੁਮਾਰ ਦੇ ਮੋਬਾਈਲ ਨੰਬਰ 9876502831, ਬਰੇਟਾ ਵਿਖੇ ਸ਼੍ਰੀ ਵਿਕਾਸ ਸ਼ੁਕਲਾ ਨਾਲ 9877594761, ਬੋਹਾ ਵਿਖੇ ਸ਼੍ਰੀ ਗੋਬਿੰਦ ਕੁਮਾਰ ਦੇ ਮੋਬਾਈਲ ਨੰਬਰ 9780888702, ਨਗਰ ਕੌਂਸਲ ਸਰਦੂਲਗੜ੍ਹ ਵਿੱਚ ਸ਼੍ਰੀ ਸਤਪਾਲ ਦੇ ਮੋਬਾਈਲ ਨੰਬਰ 8847565465 ਅਤੇ ਬੁਢਲਾਡਾ ਦੇ ਸ਼੍ਰੀ ਵਨੀਤ ਕੁਮਾਰ ਦੇ ਮੋਬਾਈਲ ਨੰਬਰ 98-76276645 ਉਤੇ ਸੂਚਨਾ ਦੇ ਸਕਦੇ ਹਨ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ, ਡੀਐਸਪੀ ਪੁਸ਼ਪਿੰਦਰ ਸਿੰਘ ਗਿੱਲ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਰਵੀ ਕਾਂਤ ਅਤੇ ਜ਼ਿਲ੍ਹੇ ਦੇ ਸਮੂਹ ਕਾਰਜ ਸਾਧਕ ਅਫਸਰ (ਈ.ਓਜ਼) ਹਾਜ਼ਰ ਸਨ।

ਬਹੁਮੰਤਵੀ ਸਹਿਕਾਰੀ ਸਭਾ ਲਿਮਟਿਡ ਕਾਹਮਾ ਦੀ ਚੋਣ

ਬਲਕਾਰ ਬੱਲ ਜਗਤਾਰ ਸਿੰਘ ਜੱਬੋਵਾਲ

ਨਵਾਂਸ਼ਹਿਰ, ਮੱਲਪੁਰ ਅੜਕਾਂ, 9 ਜੂਨ: ਅੱਜ ਪਿੰਡ ਕਾਹਮਾ ਵਿਖੇ ਬਹੁਮੰਤਵੀ ਸਹਿਕਾਰੀ ਸਭਾ ਲਿ. ਕਾਹਮਾ ਦੀ ਚੋਣ ਸ.ਅਮਰੀਕ ਸਿੰਘ ਡ੍ਰੈਕਟਰ ਆਫ ਬੋਰਡ ਕੋਪਰੇਟ ਬੈਂਕ ਸ਼ਹੀਦ ਭਗਤ ਸਿੰਘ ਪ੍ਰਧਾਨਗੀ ਹੇਠ ਚੋਣ ਲੜੀ ਜਿਸ ਵਿਚ 11 ਮੈਂਬਰ ਬਿਨਾ ਮੁਕਾਬਲਾ ਚੁਣੇ ਗਏ ਜਿਸ ਵਿਚ 6 ਕਾਂਗਰਸ 5 ਬੀ.ਐਸ.ਪੀ ਦੇ ਮੈਂਬਰ ਚੁਣੇ ਗਏ ਸਤਨਮ ਸਿੰਘ ਕਾਹਮਾ, ਪਰਮਜੀਤ ਸਿੰਘ, ਮਨਜੀਤ ਸਿੰਘ, ਮਨਜੀਤ ਸਿੰਘ, ਹੁਸਨ ਲਾਲ, ਕਸ਼ਮੀਰ ਸਿੰਘ, ਰਾਮ ਪ੍ਰਕਾਸ਼, ਸਤਿੰਦਰ ਕੌਰ, ਜਸਵਿੰਦਰ ਸਿੰਘ, ਸੁਰਿੰਦਰ ਪਾਲ, ਜਸਵੀਰ ਕੌਰ।

ਬਾਬਾ ਬਲਬੀਰ ਸਿੰਘ ਦੇ ਨਿਰਦੇਸ਼ਾਂ 'ਤੇ ਬੁੱਢਾ ਦਲ ਦੀਆਂ ਛਾਉਣੀਆਂ 'ਚ ਬੂਟੇ ਲਾਉਣ ਦੀ ਮੁਹਿੰਮ ਦੀ ਸ਼ੁਰੂਆਤ

ਰਵਿੰਦਰ ਸਿੰਘ ਢੀਂਡਸਾ

ਸ੍ਰੀ ਫਤਹਿਗੜ੍ਹ ਸਾਹਿਬ, 9 ਜੂਨ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਬੀਤੇ ਦਿਨੀ ਗੁਰਦੁਆਰਾ ਤੰਬੂ ਸਾਹਿਬ, ਕੋਪਾਲਮੋਚਨ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਛਾਉਣੀ ਦੇ ਸਮੂਹ ਸੇਵਾਦਾਰਾਂ ਅਤੇ ਸਥਾਨਕ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਅਤੇ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ 'ਤੇ ਸਿੰਘ ਸਾਹਿਬ ਜੀ ਨੇ ਛਾਉਣੀ ਵਿਖੇ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਸੰਗਤਾਂ ਨੂੰ ਸੁਨੇਹਾ ਦਿੱਤਾ ਕਿ ÷ਸਾਨੂੰ ਵਾਤਾਵਰਨ ਦੀ ਸੰਭਾਲ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਮੌਜੂਦਾ ਦੌਰ ਵਿੱਚ ਗਲੋਬਲ ਪੱਧਰ ਤੇ ਬੜੀ ਤੇਜ਼ੀ ਨਾਲ ਵਾਤਾਵਰਣ ਕਰਵਟ ਬਦਲ ਰਿਹਾ ਹੈ ਜਿਸ ਕਾਰਨ ਜੀਵ ਪ੍ਰਾਣੀ ਲਈ ਵੱਡੀਆਂ ਚੁਣੌਤੀਆਂ ਸਾਹਮਣੇ ਆ ਰਹੀਆਂ ਹਨ। ਉਨ੍ਹਾ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਹਰ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਲਗਾ ਕੇ ਆਪਣੇ ਆਲੇ ਦੁਆਲੇ ਨੂੰ ਹਰਿਆਵਲ ਭਰਿਆ ਬਨਾਉਣਾ ਜ਼ਰੂਰੀ ਹੈ।ਉਨ੍ਹਾਂ ਸਾਰੀਆਂ ਬੁੱਢਾ ਦਲ ਦੀ ਛਾਉਣੀਆਂ ਨੂੰ ਆਦੇਸ਼ ਦਿੱਤੇ ਕਿ ਛਾਉਣੀਆਂ ਵਿੱਚ ਵੱਧ ਤੋਂ ਵੱਧ ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਜਾਣ।ਇਸ ਮੌਕੇ ਉਨ੍ਹਾਂ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰਾਂ ਵੱਲੋਂ ਬਣਾਏ ਜਾ ਰਹੇ ਨਵੇਂ ਮਾਰਗਾਂ ਤੇ ਇੱਕ ਵੀ ਬੂਟਾ ਨਹੀਂ ਲਗਾਇਆ ਗਿਆ ਸਗੋਂ ਬਹੁਮਾਰਗੀ ਸੜਕਾਂ ਬਨਾਉਣ ਲਈ ਪਹਿਲਾਂ ਲੱਗੇ ਛਾਂਦਾਰ, ਫੱਲਦਾਰ ਪੁਰਾਤਨ ਬੂਟੇ ਵੀ ਕੱਟ ਦਿਤੇ ਗਏ ਹਨ।ਉਨ੍ਹਾਂ ਕਿਹਾ ਪੀਣ ਯੋਗ ਪਾਣੀ ਦਾ ਘੱਟ ਜਾਣਾ, ਗਰਮੀ ਸਰਦੀ ਦਾ ਬੇਰੋਕ ਵਾਧਾ ਤੇ ਬਿਮਾਰੀਆਂ ਦਾ ਵਧਣਾ ਇਹ ਸਾਰਾ ਕੁੱਝ ਮਨੁੱਖ ਨੇ ਤਰੱਕੀ ਨਾਲ ਜੋੜ ਕੇ ਆਪ ਸਹੇੜਿਆ ਹੈ। ਇਸ ਸਮੇਂ ਬਾਬਾ ਜੋਗਾ ਸਿੰਘ ਕਨਾਲਵਾਲੇ, ਬਾਬਾ ਸੁਖਜੀਤ ਸਿੰਘ ਘਨੱਈਆ, ਬਾਬਾ ਗੁਰਮੁਖ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਗੁਰਸ਼ੇਰ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਮਾਮੂਲੀ ਵਿਵਾਦ ਦੇ ਚਲਦਿਆਂ ਪਤਨੀ 'ਤੇ ਜਾਨਲੇਵਾ ਹਮਲਾ, ਪਤੀ ਸਮੇਤ ਸਹੁਰਾ ਪਰਿਵਾਰ 'ਤੇ ਕੇਸ ਦਰਜ

ਚਰਨਜੀਤ ਸਿੰਘ ਚੰਨ, ਗੁਰਕੀਰਤ ਕੌਰ

ਜਗਰਾਉਂ, 9 ਜੂਨ : ਪਰਿਵਾਰਕ ਵਿਵਾਦ ਦੇ ਚਲਦਿਆਂ ਇੱਕ ਮਹਿਲਾ ਨਾਲ ਕੁੱਟਮਾਰ ਅਤੇ ਉਸ ਨੂੰ ਪ੍ਰੇਸ਼ਾਨ ਕਰਨ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਪੀੜਤਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਸਦੇ ਸਹੁਰਾ ਪੱਖ ਵੱਲੋਂ ਉਸਨੂੰ ਲੰਬੇ ਸਮੇਂ ਤੋਂ ਦਾਜ ਅਤੇ ਹੋਰ ਕਾਰਨਾਂ ਨੂੰ ਲੈ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਪੀੜਤਾ ਦਾ ਦੋਸ਼ ਹੈ ਕਿ ਉਸਦਾ ਵਿਆਹ 9 ਦਸੰਬਰ 2019 ਨੂੰ ਹੋਇਆ ਸੀ। ਵਿਆਹ ਦੇ ਕੁਝ ਸਮੇਂ ਬਾਅਦ ਤੋਂ ਹੀ ਸਹੁਰੇ ਵਾਲਿਆਂ ਨੇ ਉਸਨੂੰ ਦਾਜ ਲਈ ਮਾਨਸਿਕ ਅਤੇ ਸਰੀਰਕ ਤੌਰ 'ਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਪੀੜਤਾ ਨੇ ਦੱਸਿਆ ਕਿ ਉਸਦੇ ਪਤੀ ਅਤੇ ਸਹੁਰਾ ਪਰਿਵਾਰ ਦੇ ਹੋਰ ਮੈਂਬਰਾਂ ਨੇ ਉਸਨੂੰ ਕਈ ਵਾਰ ਘਰੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਸ਼ਿਕਾਇਤ ਅਨੁਸਾਰ, 5 ਜੂਨ ਦੀ ਰਾਤ ਲਗਭਗ 2 ਵਜੇ, ਦੋਸ਼ੀ ਪਤੀ ਅਤੇ ਹੋਰ ਸਹੁਰੇ ਵਾਲਿਆਂ ਨੇ ਉਸ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ। ਦੋਸ਼ ਹੈ ਕਿ ਦੋਸ਼ੀਆਂ ਨੇ ਉਸਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਗੰਭੀਰ ਸੱਟਾਂ ਮਾਰੀਆਂ ਅਤੇ ਉਸਨੂੰ ਘਰੋਂ ਕੱਢ ਦਿੱਤਾ। ਪੀੜਤਾ ਨੇ ਕਿਸੇ ਤਰ੍ਹਾਂ ਆਪਣੀ ਜਾਨ ਬਚਾ ਕੇ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਨੇ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਬੂਤਾਂ ਦੇ ਆਧਾਰ @ਤੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਲੁਧਿਆਣਾ ਦਿਹਾਤੀ ਪੁਲਿਸ ਵੱਲੋਂ ਤਸਕਰ ਕਾਬੂ

ਗੁਰਕੀਰਤ ਕੌਰ

ਜਗਰਾਉਂ, 9 ਜੂਨ: ਲੁਧਿਆਣਾ ਦਿਹਾਤੀ ਪੁਲਿਸ ਨੇ ਨਸ਼ੀਲੇ ਪਦਾਰਥਾਂ ਵਿਰੁੱਧ ਵਿੱਢੀ ਆਪਣੀ ਵਿਸ਼ੇਸ਼ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਵੱਡੀ ਸਫਲਤਾ ਹਾਸਲ ਕੀਤੀ ਹੈ। ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਦੀ ਪੁਲਿਸ ਨੇ ਮੁਸਤੈਦੀ ਦਿਖਾਉਂਦਿਆਂ ਨਸ਼ਾ ਤਸਕਰੀ ਵਿੱਚ ਸ਼ਾਮਲ ਕਈ ਮੁਲਜ਼ਮਾਂ ਨੂੰ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦੀ ਇਸ ਤਾਬੜਤੋੜ ਕਾਰਵਾਈ ਨੇ ਨਸ਼ਾ ਤਸਕਰਾਂ ਦੇ ਮਨਸੂਬਿਆਂ 'ਤੇ ਪਾਣੀ ਫੇਰ ਦਿੱਤਾ ਹੈ। ਸਿਧਵਾਂ ਬੇਟ ਪੁਲਿਸ ਦਾ ਐਕਸ਼ਨ: ਗੁਪਤ ਸੂਚਨਾ ਦੇ ਆਧਾਰ 'ਤੇ ਨਾਕਾਬੰਦੀ ਕਰਕੇ ਪੁਲਿਸ ਨੇ ਅਮਰਜੀਤ ਸਿੰਘ ਉਰਫ਼ ਲਾਡੀ, ਵਾਸੀ ਮੁਹੱਲਾ ਰਵਿਦਾਸੀਪੁਰਾ ਨੂੰ ਕਾਬੂ ਕੀਤਾ। ਮੁਲਜ਼ਮ ਕੋਲੋਂ 06 ਗ੍ਰਾਮ ਹੈਰੋਇਨ ਅਤੇ ਉਸਦੀ ਸ਼ੇਵਰਲੇ ਕਰੂਜ਼ ਕਾਰ ਬਰਾਮਦ ਕੀਤੀ ਗਈ ਹੈ। ਦਾਖਾ ਵਿੱਚ ਸ਼ੱਕੀ ਦੀ ਗ੍ਰਿਫ਼ਤਾਰੀ: ਗਸ਼ਤ ਦੌਰਾਨ ਸਰਬਜੀਤ ਸਿੰਘ, ਵਾਸੀ ਦੇਤਵਾਲ ਨੂੰ ਪੁਲਿਸ ਨੇ ਸ਼ੱਕੀ ਹਾਲਤ ਵਿੱਚ ਰੋਕਿਆ। ਤਲਾਸ਼ੀ ਲੈਣ 'ਤੇ ਉਸ ਕੋਲੋਂ 10 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।

ਥਾਣਾ ਸਿਟੀ ਰਾਏਕੋਟ ਅਤੇ ਹਠੂਰ ਵਿੱਚ ਵੀ ਘੇਰਾਬੰਦੀ: ਇਸੇ ਮੁਹਿੰਮ ਤਹਿਤ ਪੁਲਿਸ ਨੇ ਮਨਿੰਦਰ ਸਿੰਘ ਉਰਫ਼ ਕਾਲਾ (ਵਾਸੀ: ਗਾਲਿਬ ਕਲਾਂ) ਨੂੰ 07 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਉਧਰ, ਹਠੂਰ ਖੇਤਰ ਵਿੱਚ ਪੁਲਿਸ ਨੇ ਗੁਰਮੁਖ ਸਿੰਘ, ਪਰਮਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਨਾਮਕ ਤਿੰਨ ਵਿਅਕਤੀਆਂ ਨੂੰ 20 ਨਸ਼ੀਲੀਆਂ ਗੋਲੀਆਂ ਸਮੇਤ ਫੜਿਆ।

ਸਰਦੂਲਗੜ੍ਹ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਾਮ ਸਿੰਘ ਧਾਲੀਵਾਲ ਦੀ ਭੈਣ ਅਮਰਜੀਤ ਕੌਰ ਨੂੰ ਸ਼ਰਧਾਂਜਲੀਆਂ ਭੇਟ

ਅੰਤਿਮ ਅਰਦਾਸ ਮੌਕੇ ਮੁਫ਼ਤ ਸਿਹਤ ਜਾਂਚ ਕੈਂਪ ਲਾਇਆ

ਗੁਰਜੀਤ ਸ਼ੀਂਹ

ਮਾਨਸਾ, 9 ਜੂਨ : ਬਾਰ ਐਸੋਸੀਏਸ਼ਨ ਸਰਦੂਲਗੜ੍ਹ ਦੇ ਪ੍ਰਧਾਨ ਐਡਵੋਕੇਟ ਰਾਮ ਸਿੰਘ ਧਾਲੀਵਾਲ ਪਿੰਡ ਕੋਰਵਾਲਾ ਦੀ ਅਮਰਜੀਤ ਕੌਰ ਪੁੱਤਰੀ ਪ੍ਰਿਥੀ ਸਿੰਘ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨਮਿੱਤ ਅੰਤਿਮ ਅਰਦਾਸ ਮੌਕੇ ਸੈਂਕੜੇ ਲੋਕਾਂ ਨੇ ਉਹਨਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ । ਇਸ ਮੌਕੇ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ, ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ ਆਦਿ ਨੇ ਪਰਿਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਧਾਲੀਵਾਲ ਪਰਿਵਾਰ ਨੇ ਪਿੰਡ ਅਤੇ ਇਲਾਕੇ ਦੀ ਖੂਬ ਸੇਵਾ ਕੀਤੀ ਜਿਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ । ਪਰਿਵਾਰ ਵੱਲੋਂ ਇੱਕ ਮੁਫ਼ਤ ਮੈਡੀਕਲ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਮਾਹਰ ਡਾਕਟਰ ਡਾ. ਸੁਖਜਿੰਦਰ ਸਿੰਘ ਧਾਲੀਵਾਲ ਅਤੇ ਡਾ. ਅੰਤਰਪ੍ਰੀਤ ਕੌਰ ਨੇ ਸੈਂਕੜ ਮਰੀਜ਼ਾਂ ਦੀ ਸਿਹਤ ਜਾਂਚ ਕੀਤੀ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ।

ਮੈਡੀਕਲ ਕੈਂਪ ਦੌਰਾਨ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਜਾਂਚ ਸਮੇਤ ਹੋਰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਵੱਡੀ ਗਿਣਤੀ ਵਿੱਚ ਲੋਕਾਂ ਨੇ ਕੈਂਪ ਦਾ ਲਾਭ ਲਿਆ ਅਤੇ ਡਾਕਟਰਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮੱ ਨੇ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ, ਰਿਸ਼ਤੇਦਾਰਾਂ ਅਤੇ ਡਾਕਟਰਾਂ ਸਾਹਿਬਾਨਾਂ ਦੀ ਟੀਮ ਦਾ ਦਾ ਧੰਨਵਾਦ ਕੀਤਾ। ਇਸ ਮੌਕੇ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਬਲਵੰਤ ਸਿੰਘ ਕੋਰਵਾਲਾ, ਭਾਈ ਘਨਈਆ ਗੰਥੀ ਸਭਾ ਦੇ ਪ੍ਰਧਾਨ ਦਾਰਾ ਸਿੰਘ ਕਲੀਆ, ਡਾਕਟਰ ਗਣੀ ਖਾਂ, ਕੋਆਪਰੇਟਿਵ ਬੈਂਕ ਪੰਜਾਬ ਦੇ ਡਾਇਰੈਕਟਰ ਗੁਰਸੇਵਕ ਸਿੰਘ ਖਹਿਰਾ , ਕਥਾ ਵਾਚਕ ਜਸਬੀਰ ਸਿੰਘ ਰੰਗਾ ਸਮਾਜ ਸੇਵੀ ਸੇਵਕ ਸਿੰਘ ਕੌਰ,ਵਾਲਾ, ਜੂਥ ਆਗੂ ਜਸਵਿੰਦਰ ਸਿੰਘ ਉਰਫ ਵਿੰਦਰ , ਡਾਕਟਰ ਹਰਦੇਵ ਸਿੰਘ ਕੋਰਵਾਲਾ ਆਦਿ ਹਾਜ਼ਰ ਸਨ।

ਕਾਠਮੰਡੂ 'ਚ ਅੰਤਰਰਾਸ਼ਟਰੀ ਕਰਾਟੇ ਚੈਂਪੀਅਨਸ਼ਿਪ 'ਚ ਮਲੋਟ ਦੇ ਡੀਏਵੀ ਪਬਲਿਕ ਸਕੂਲ ਦੀ ਵਿਦਿਆਰਥਣ ਵੰਸ਼ਿਕਾ ਨੇ ਜਿੱਤਿਆ ਸੋਨ ਤਮਗਾ

ਪ੍ਰਤਾਪ ਸੰਧੂ

ਮਲੋਟ, 9 ਜੂਨ : ਡੀਏਵੀ ਐਡਵਰਡ ਗੰਜ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਮਲੋਟ ਦੇ ਪ੍ਰਿੰਸੀਪਲ ਸ਼੍ਰੀ ਰਾਕੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਨੇਪਾਲ ਸ਼ੋਟੋਕਨ ਕਰਾਟੇ ਐਸੋਸੀਏਸ਼ਨ ਨੇ ਹਾਲ ਹੀ ਵਿੱਚ 2 ਜੂਨ ਤੋਂ 4 ਜੂਨ ਤੱਕ ਨੇਪਾਲ ਦੇ ਕਾਠਮੰਡੂ ਵਿੱਚ ਅੰਤਰਰਾਸ਼ਟਰੀ ਕਰਾਟੇ ਚੈਂਪੀਅਨਸ਼ਿਪ ਦਾ ਆਯੋਜਨ ਕੀਤਾ। ਅੱਠ ਦੇਸ਼ਾਂ ਦੀਆਂ ਟੀਮਾਂ ਦੇ ਲਗਭਗ 600 ਖਿਡਾਰੀਆਂ ਨੇ ਹਿੱਸਾ ਲਿਆ। ਸਕੂਲ ਦੀ ਵਿਦਿਆਰਥਣ ਵੰਸ਼ਿਕਾ ਨੇ ਭਾਰਤੀ ਟੀਮ ਵਿੱਚ ਹਿੱਸਾ ਲਿਆ, ਸੋਨ ਤਗਮਾ ਜਿੱਤਿਆ, ਜਿਸ ਨਾਲ ਸਕੂਲ ਅਤੇ ਉਸਦੇ ਦੇਸ਼ ਦੋਵਾਂ ਦਾ ਮਾਣ ਵਧਿਆ। ਇਸ ਮੌਕੇ 'ਤੇ ਪ੍ਰਿੰਸੀਪਲ ਸ਼੍ਰੀ ਰਾਕੇਸ਼ ਕੁਮਾਰ ਸ਼ਰਮਾ ਨੇ ਵੰਸ਼ਿਕਾ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਅਟੁੱਟ ਦ੍ਰਿੜਤਾ ਅਤੇ ਸਮਰਪਣ ਨਾਲ, ਵਿਦਿਆਰਥਣ ਨੇ ਆਪਣੇ ਅਸਾਧਾਰਨ ਹੁਨਰ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਸਕੂਲ, ਸ਼ਹਿਰ ਅਤੇ ਦੇਸ਼ ਦਾ ਸਨਮਾਨ ਵਧਾਇਆ ਹੈ। ਇਹ ਪ੍ਰਾਪਤੀ ਵਿਦਿਆਰਥੀ ਦੇ ਕਰਾਟੇ ਪ੍ਰਤੀ ਜਨੂੰਨ ਨੂੰ ਦਰਸਾਉਂਦੀ ਹੈ। ਇੰਨੀ ਛੋਟੀ ਉਮਰ ਵਿੱਚ, ਵਿਦਿਆਰਥਣ ਨੇ ਖੇਡ ਪ੍ਰਤੀ ਉਤਸ਼ਾਹ ਦਿਖਾਇਆ ਹੈ। ਉਸਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ ਹੈ ਅਤੇ ਲਗਾਤਾਰ ਆਪਣੀਆਂ ਯੋਗਤਾਵਾਂ ਨੂੰ ਨਿਖਾਰਿਆ ਹੈ। ਇਹ ਪ੍ਰਾਪਤੀ ਉਸਦੀ ਨਿਰੰਤਰ ਤਰੱਕੀ ਅਤੇ ਕਰਾਟੇ ਵਿੱਚ ਉੱਤਮਤਾ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ। ਉਨ੍ਹਾਂ ਵਿਦਿਆਰਥੀ ਦੀ ਇਸ ਪ੍ਰਾਪਤੀ 'ਤੇ ਵਿਦਿਆਰਥੀਆਂ, ਮਾਪਿਆਂ ਅਤੇ ਖੇਡ ਵਿਭਾਗ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਰਿਆਂ ਦੇ ਸਾਂਝੇ ਯਤਨਾਂ ਸਦਕਾ ਸਕੂਲ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵਧੀਆ ਪ੍ਰਦਰਸ਼ਨ ਕਰਕੇ ਸ਼ਹਿਰ ਦਾ ਨਾਮ ਰੌਸ਼ਨ ਕਰ ਰਿਹਾ ਹੈ।

ਪਸ਼ੂ ਪਾਲਣ ਵਿਭਾਗ ਵੱਲੋਂ 6 ਕੱਟੇ ਖ਼ਰੀਦ ਕੇ ਸੀਆਰਐਸ ਸੀਮਨ ਸਟੇਸ਼ਨ ਨਾਭਾ ਭੇਜੇ

ਸੰਜੀਵ ਗਰਗ ਕਾਲੀ

ਧਨੌਲਾ ਮੰਡੀ, 9 ਜੂਨ : ਮੁਰਹਾ ਪੀ ਟੀ ਸਕੀਮ ਤਹਿਤ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾਕਟਰ ਕਰਮਜੀਤ ਸਿੰਘ ਦੀ ਅਗਵਾਈ ਅਤੇ ਡਾਕਟਰ ਅਮਿਤ ਖੁਰਾਣਾ ਕੋ-ਆਰਡੀਨੇਟਰ ਮੁਰਹਾ ਪੀ ਟੀ ਪ੍ਰੋਜੈਕਟ ਪੰਜਾਬ ਦੇ ਦਿਸ਼ਾ-ਨਿਰਦੇਸ ਅਨੁਸਾਰ ਅਤੇ ਡਾਕਟਰ ਸੁਖਹਰਮਨਦੀਪ ਸਿੰਘ ਸ਼ੇਰਗਿੱਲ ਬਤੌਰ ਜਿਲ੍ਹਾ ਕੋ-ਆਰਡੀਨੇਟਰ ਪੀ ਟੀ ਮੁਰਹਾ(RGM) ਸਕੀਮ ਦੀ ਦੇਖ-ਰੇਖ ਹੇਠ ਜਿਲ੍ਹਾ ਬਰਨਾਲਾ ਅਧੀਨ ਆਉਂਦੀ ਸੰਸਥਾ ਸੀ.ਵੀ.ਡੀ ਘੁੰਨਸ, ਸੀ.ਵੀ.ਡੀ. ਪੰਧੇਰ , ਸੀ.ਵੀ.ਡੀ. ਦਾਨਗੜ੍ਹ, ਸੀ ਵੀ ਐਚ ਧਨੌਲਾ, ਸੀ ਵੀ ਐਚ ਕੱਟੂ ਵੱਲੋਂ ਉੱਤਮ ਕਿਸਮ ਦੀ ਮੱਝਾਂ (ਜੋ ਕਿ EBV ਪੋਜਟਿਵ ਹਨ)ਦੁਆਰਾ ਸਰਕਾਰੀ ਸੀਮਨ ਤੋਂ ਪੈਦਾ ਹੋਏ (GBV ਪੋਜਟਿਵ) DNA ਟੈਸਟ ਪਾਸ ਅਤੇ ਬਿਮਾਰੀ ਰਹਿਤ 6 ਕੱਟੇ-ਰੁਪਿੰਦਰਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਧਨੌਲਾ, ਅਮਨਦੀਪ ਸਿੰਘ ਪੁੱਤਰ ਜੀਤ ਸਿੰਘ ਵਾਸੀ ਧਨੌਲਾ, ਗੁਰਦਾਸ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਘੁੰਨਸ , ਬਲਕੌਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪੰਧੇਰ, ਜਸਵਿੰਦਰ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਦਾਨਗੜ੍ਹ, ਦਰਸ਼ਨ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਕੱਟੂ ਤੋਂ ਖ਼ੀਦ ਕਰਕੇ ਸੀ.ਆਰ.ਐਸ ਸੀਮਨ ਸਟੇਸ਼ਨ ਨਾਭਾ ਨੂੰ ਭੇਜਿਆ ਗਿਆ ਅਤੇ ਪ੍ਰੋਜੈਕਟ ਵੱਲੋਂ ਬਣਦੀ ਵਾਜਿਬ ਰਕਮ ਦੇ ਕੇ ਪਸ਼ੂ ਪਾਲਕ ਵੀਰਾਂ ਦੀ ਕੀਤੀ ਗਈ ਹੌਸਲਾਂ ਅਫ਼ਜਾਈ। ਕਾਫ਼ ਖ਼ੀਦਣ ਸੀ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਕਰਨ ਲਈ ਦਿੱਤੇ ਵਿਸ਼ੇਸ਼ ਸਹਿਯੋਗ ਕਰਕੇ ਵੈਟਨਰੀ ਅਫ਼ਸਰ ਡਾ. ਰਾਕੇਸ਼ ਕੁਮਾਰ ਸਿੰਗਲਾ , ਡਾ. ਮਲਕੀਤ ਸਿੰਘ, ਡਾ. ਹਿਮਾਂਸ਼ੂ, ਵੈਟਨਰੀ ਇੰਸਪੈਕਟਰ ਸ੍ਰੀ ਜਗਪਾਲ ਸਿੰਘ, ਵੈਟਨਰੀ ਇੰਸਪੈਕਟਰ ਸ੍ਰੀ ਅਨਿਲ ਕੰਬੋਜ, ਵੈਟਨਰੀ ਇੰਸਪੈਕਟਰ ਸ੍ਰੀ ਗੁਰਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਇਸ ਮੌਕੇ ਪੀਟੀ ਦਫ਼ਤਰ ਬਰਨਾਲਾ ਵੱਲੋਂ ਸੁਪਰਵਾਇਜਰ ਸਤਨਾਮ ਸਿੰਘ, ਗੁਰਤੇਜ ਸਿੰਘ ਮਿਲਕ ਰਿਕਾਰਡਰ ਪਰਮਿੰਦਰ ਸ਼ਰਮਾ, ਸ਼ਗਨਜੀਤ ਸਿੰਘ, ਮਨਜੀਤ ਸਿੰਘ ਆਦਿ ਮੌਜੂਦ ਸਨ।

ਚੰਡੀਗੜ੍ਹ
ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਅਦਾਰਾ
8, ਜਨ ਮਾਰਗ, ਸੈਕਟਰ
9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁੱਖ ਸਕੱਤਰ, ਸੀਐਚਬੀ, ਅਸਟੇਟ ਅਫ਼ਸਰ ਯੂਟੀ ਚੰਡੀਗੜ੍ਹ ਦੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ।

ਵਿਸ਼ਾ : ਡਵੈਲਿੰਗ ਯੂਨਿਟ ਨੰ. 5197, ਕੈਟਾਗਿਰੀ ਐਲਆਈਜੀ, ਸੈਕਟਰ 38-ਵੈਸਟ, ਚੰਡੀਗੜ੍ਹ ਦੇ ਇੰਤਕਾਲ/ਮਾਲਕਾਨਾ ਹੱਕ ਦੀ ਤਬਦੀਲੀ ਵਿਕਰੀ ਡੀਡ ਦੇ ਆਧਾਰ 'ਤੇ ਅਲਾਟੀ/ਟਰਾਂਸਫਰੀ ਸ੍ਰੀ ਸਨਦੀਪ ਸਿੰਘ ਪੁੱਤਰ ਸ੍ਰੀ ਜੀਤ ਸਿੰਘ ਦੇ ਨਾਂ ਤੋਂ ਸ੍ਰੀਮਤੀ ਵਿਨੋਦ ਬਾਲਾ ਪਤਨੀ ਸ੍ਰੀ ਵਿਜੇ ਕੁਮਾਰ ਦੇ ਨਾਂ ਤਬਦੀਲ ਕਰਨ ਸੰਬਧੀ।

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਡਵੈਲਿੰਗ ਯੂਨਿਟ ਨੰ. 5197, ਕੈਟਾਗਿਰੀ ਐਲਆਈਜੀ, ਸੈਕਟਰ 38-ਵੈਸਟ, ਚੰਡੀਗੜ੍ਹ ਅਲਾਟੀ/ਟਰਾਂਸਫਰੀ ਸ੍ਰੀ ਸਨਦੀਪ ਸਿੰਘ ਪੁੱਤਰ ਸ੍ਰੀ ਜੀਤ ਸਿੰਘ ਦੇ ਨਾਂ ਹੈ। ਹੁਣ, ਸ੍ਰੀ ਸਨਦੀਪ ਸਿੰਘ ਪੁੱਤਰ ਸ੍ਰੀ ਜੀਤ ਸਿੰਘ ਨੇ ਉਪਰੋਕਤ ਡਵੈਲਿੰਗ ਯੂਨਿਟ ਸੇਲਡੀਡ ਜੋ ਕਿ ਸਬ-ਰਜਿਸ਼ਟਰਾਰ ਚੰਡੀਗੜ੍ਹ ਦੇ ਦਫ਼ਤਰ ਮਿਤੀ 06.05.2026 ਨੂੰ ਬਣਾਈ ਅਤੇ ਰਜਿਸ਼ਟਰਡ ਹੋਈ ਰਾਹੀਂ ਸ੍ਰੀਮਤੀ ਵਿਨੋਦ ਬਾਲਾ ਪਤਨੀ ਸ੍ਰੀ ਵਿਜੇ ਕੁਮਾਰ ਨੂੰ ਵੇਚ ਦਿੱਤੀ ਹੈ। ਸ੍ਰੀਮਤੀ ਵਿਨੋਦ ਬਾਲਾ ਪਤਨੀ ਸ੍ਰੀ ਵਿਜੇ ਕੁਮਾਰ ਨੇ ਇਸ ਦਫ਼ਤਰ ਵਿਖੇ ਸੇਲਡੀਡ ਦੇ ਆਧਾਰ 'ਤੇ ਉਪਰੋਕਤ ਡਵੈਲਿੰਗ ਯੂਨਿਟ ਆਪਣੇ ਨਾਂ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦਾ ਇੰਤਕਾਲ ਬਿਨੈਕਾਰ ਦੇ ਨਾਂ ਤਬਦੀਲ ਕੀਤੇ ਜਾਣ ਵਿਚ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ਼ ਲਿਖ਼ਤੀ ਤੌਰ 'ਤੇ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖਰੀ ਨੂੰ ਭੇਜ ਸਕਦਾ ਹੈ। ਇੰਝ ਨਾ ਹੋਣ ਦੀ ਸੂਰਤ ਵਿਚ ਉਪਰੋਕਤ ਡਵੈਲਿੰਗ ਯੂਨਿਟ ਦਾਅਵੇਦਾਰ ਦੇ ਨਾਂ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

ਚੰਡੀਗੜ੍ਹ
ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਅਦਾਰਾ
8, ਜਨ ਮਾਰਗ, ਸੈਕਟਰ
9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁੱਖ ਸਕੱਤਰ, ਸੀਐਚਬੀ, ਅਸਟੇਟ ਅਫ਼ਸਰ ਯੂਟੀ ਚੰਡੀਗੜ੍ਹ ਦੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ।

ਵਿਸ਼ਾ : ਡਵੈਲਿੰਗ ਯੂਨਿਟ ਨੰ. 3087, ਕੈਟਾਗਰੀ-ਐਮਆਈਜੀ (ਆਈਐਨਡੀ) ਸੈਕਟਰ 46-ਸੀ, ਚੰਡੀਗੜ੍ਹ ਦੇ ਇੰਤਕਾਲ/ਮਾਲਕਾਨਾ ਹੱਕ ਦੀ ਤਬਦੀਲੀ ਵਿਕਰੀ ਡੀਡ ਦੇ ਆਧਾਰ 'ਤੇ ਅਲਾਟੀ/ਟਰਾਂਸਫਰੀ ਸ੍ਰੀ ਸੁਰਿੰਦਰ ਕੁਮਾਰ ਬਜਾਜ ਪੁੱਤਰ ਸਵ. ਸ੍ਰੀ ਆਤਮ ਲਾਲ ਬਜਾਜ ਦੇ ਨਾਂ ਤੋਂ 1. ਸ੍ਰੀ ਦੀਪਕ ਅਹਲਾਵਤ ਪੁੱਤਰ ਸ੍ਰੀ ਕਰਮਬੀਰ ਸਿੰਘ ਅਤੇ 2. ਸ੍ਰੀਮਤੀ ਸੰਤੋਸ਼ ਕੁਮਾਰੀ ਪਤਨੀ ਸ੍ਰੀ ਕਰਮ ਬੀਰ ਦੇ ਨਾਮ ਤਬਦੀਲ ਕਰਨ ਸਬੰਧੀ।

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਡਵੈਲਿੰਗ ਯੂਨਿਟ ਨੰ. 3087, ਕੈਟਾਗਰੀ-ਐਮਆਈਜੀ (ਆਈਐਨਡੀ) ਸੈਕਟਰ 46-ਸੀ, ਚੰਡੀਗੜ੍ਹ ਅਲਾਟੀ/ਟਰਾਂਸਫਰੀ ਸ੍ਰੀ ਸੁਰਿੰਦਰ ਕੁਮਾਰ ਬਜਾਜ ਪੁੱਤਰ ਸਵ. ਸ੍ਰੀ ਆਤਮ ਲਾਲ ਬਜਾਜ ਦੇ ਨਾਂ ਹੈ। ਹੁਣ, ਸ੍ਰੀ ਸੁਰਿੰਦਰ ਕੁਮਾਰ ਬਜਾਜ ਪੁੱਤਰ ਸਵ. ਸ੍ਰੀ ਆਤਮ ਲਾਲ ਬਜਾਜ ਨੇ ਉਪਰੋਕਤ ਡਵੈਲਿੰਗ ਯੂਨਿਟ ਸੇਲਡੀਡ ਜੋ ਕਿ ਸਬ-ਰਜਿਸ਼ਟਰਾਰ ਚੰਡੀਗੜ੍ਹ ਦੇ ਦਫ਼ਤਰ ਮਿਤੀ 22.05.2026 ਨੂੰ ਬਣਾਈ ਅਤੇ ਰਜਿਸ਼ਟਰਡ ਹੋਈ ਰਾਹੀਂ 1. ਸ੍ਰੀ ਦੀਪਕ ਅਹਲਾਵਤ ਪੁੱਤਰ ਸ੍ਰੀ ਕਰਮਬੀਰ ਸਿੰਘ ਅਤੇ 2. ਸ੍ਰੀਮਤੀ ਸੰਤੋਸ਼ ਕੁਮਾਰੀ ਪਤਨੀ ਸ੍ਰੀ ਕਰਮ ਬੀਰ ਨੂੰ ਵੇਚ ਦਿੱਤੀ ਹੈ। 1. ਸ੍ਰੀ ਦੀਪਕ ਅਹਲਾਵਤ ਪੁੱਤਰ ਸ੍ਰੀ ਕਰਮਬੀਰ ਸਿੰਘ ਅਤੇ 2. ਸ੍ਰੀਮਤੀ ਸੰਤੋਸ਼ ਕੁਮਾਰੀ ਪਤਨੀ ਸ੍ਰੀ ਕਰਮ ਬੀਰ ਨੇ ਇਸ ਦਫ਼ਤਰ ਵਿਖੇ ਸੇਲਡੀਡ ਦੇ ਆਧਾਰ 'ਤੇ ਉਪਰੋਕਤ ਡਵੈਲਿੰਗ ਯੂਨਿਟ ਆਪਣੇ ਨਾਂ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦਾ ਇੰਤਕਾਲ ਬਿਨੈਕਾਰ ਦੇ ਨਾਂ ਤਬਦੀਲ ਕੀਤੇ ਜਾਣ ਵਿਚ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ਼ ਲਿਖ਼ਤੀ ਤੌਰ 'ਤੇ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖਰੀ ਨੂੰ ਭੇਜ ਸਕਦਾ ਹੈ। ਇੰਝ ਨਾ ਹੋਣ ਦੀ ਸੂਰਤ ਵਿਚ ਉਪਰੋਕਤ ਡਵੈਲਿੰਗ ਯੂਨਿਟ ਦਾਅਵੇਦਾਰ ਦੇ ਨਾਂ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ

ਚੰਡੀਗੜ੍ਹ
ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਅਦਾਰਾ
8, ਜਨ ਮਾਰਗ, ਸੈਕਟਰ
9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸ੍ਰੀ ਸਨਦੀਪ ਸਿੰਘ ਪੁੱਤਰ ਸ੍ਰੀ ਜੀਤ ਸਿੰਘ ਨੇ ਚੰਡੀਗੜ੍ਹ ਹਾਊਸਿੰਗ ਬੋਰਡ ਵਿਖੇ ਡਵੈਲਿੰਗ ਯੂਨਿਟ ਨੰ. 5197, ਸੈਕਟਰ 38-ਵੈਸਟ ਚੰਡੀਗੜ੍ਹ ਦੇ ਭੌਤਿਕ ਕਬਜਾ ਪੱਤਰ ਦੀ ਨਕਲ ਜਾਰੀ ਕਰਨ ਲਈ ਬੇਨਤੀ ਕੀਤੀ ਹੈ ਕਿਉਂਕਿ ਇਹ ਦਸਤਾਵੇਜ਼ ਗੁਆਚ ਗਿਆ ਹੈ। ਉਨ੍ਹਾਂ ਨੇ ਉਪਰੋਕਤ ਦਸਤਾਵੇਜ਼ ਦੇ ਗੁਆਚਣ ਸੰਬਧੀ ਪੁਲਿਸ ਸਟੇਸ਼ਨ ਮਲੋਆ ਵਿਖੇ ਦਰਜ ਲੜੀ ਨੰ. 241767 ਐਲਏਆਰ ਨੰ: 2026/006046 ਜੋ ਮਿਤੀ 25.02.2026 ਨੂੰ ਚੰਡੀਗੜ੍ਹ ਪੁਲਿਸ ਵਿਖੇ ਰਜਿਸਟਰਡ ਵੀ ਜਮ੍ਹਾਂ ਕਰਵਾਈ ਹੈ। ਕੋਈ ਵਿਅਕਤੀ ਜਿਸ ਦਾ ਉਪਰੋਕਤ ਡਵੈਲਿੰਗ ਯੂਨਿਟ ਦੇ ਭੌਤਿਕ ਕਬਜਾ ਪੱਤਰ ਦੀ ਕਾਪੀ ਬਿਨੈਕਾਰ ਦੇ ਨਾਮ ਜਾਰੀ ਕੀਤੇ ਜਾਣ ਸੰਬਧੀ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖ਼ਤੀ ਤੌਰ 'ਤੇ ਨਿਮਨਹਸਤਾਖਰੀ ਦੇ ਸਨਮੁੱਖ ਇਸ ਨੋਟਿਸ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਭੇਜ ਸਕਦਾ ਹੈ। ਜਿਸ ਵਿੱਚ ਅਸਫਲ ਰਹਿਣ ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜੇਕਰ ਉਪਰੋਕਤ ਦੱਸੇ ਅਨੁਸਾਰ ਅਸਲ ਦਸਤਾਵੇਜ਼ ਕਿਸੇ ਨੂੰ ਪ੍ਰਾਪਤ ਹੁੰਦੇ ਹਨ ਤਾਂ ਉਪਰ ਦਰਸਾਏ ਪੁਲਿਸ ਸਟੇਸ਼ਨ ਜਾਂ ਨਿਮਨ ਹਸਤਾਖਰੀ ਦੇ ਦਫਤਰ ਜਮ੍ਹਾਂ ਕਰਵਾਏ ਜਾਣ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ

ਚੰਡੀਗੜ੍ਹ
ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਅਦਾਰਾ
8, ਜਨ ਮਾਰਗ, ਸੈਕਟਰ
9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁੱਖ ਸਕੱਤਰ, ਸੀਐਚਬੀ, ਅਸਟੇਟ ਅਫ਼ਸਰ ਯੂਟੀ ਚੰਡੀਗੜ੍ਹ ਦੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ।

ਵਿਸ਼ਾ : ਡਵੈਲਿੰਗ ਯੂਨਿਟ ਨੰ. 2518, ਕੈਟਾਗਿਰੀ-ਐਮਆਈਜੀ-2 (ਆਈਐਨਡੀ) ਕੈਟਾਗਰੀ ਸੈਕਟਰ-40-ਸੀ, ਯੂਟੀ, ਚੰਡੀਗੜ੍ਹ ਦੇ 1/3 ਹਿੱਸੇ ਦੇ ਇੰਤਕਾਲ/ਤਬਦੀਲੀ ਟਰਾਂਸਫਰ ਡੀਡ ਦੇ ਆਧਾਰ 'ਤੇ ਅਲਾਟੀ/ਟਰਾਂਸਫਰੀ ਸ੍ਰੀ ਸੁਨੀਲ ਕੁਮਾਰ ਪੁੱਤਰ ਸ੍ਰੀ ਨਿਵਾਸ ਜੈਨ (1/3 ਹਿੱਸਾ ਹਰੇਕ) ਦੇ ਨਾਂ ਤੋਂ ਸ੍ਰੀ ਵਿਵੇਕ ਜੈਨ ਅਤੇ ਸ੍ਰੀ ਸ਼ੁਭਮ ਜੈਨ ਪੁੱਤਰ ਸ੍ਰੀ ਸੁਨੀਲ ਜੈਨ (1/3 ਹਿੱਸਾ ਹਰੇਕ) ਦੇ ਨਾਂ ਤਬਦੀਲ ਕਰਨ ਸੰਬਧੀ।

(ਪਿਤਾ ਤੋਂ ਪੁੱਤਰ)

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਡਵੈਲਿੰਗ ਯੂਨਿਟ ਨੰ. 2518, ਕੈਟਾਗਿਰੀ-ਐਮਆਈਜੀ-2 (ਆਈਐਨਡੀ) ਕੈਟਾਗਰੀ ਸੈਕਟਰ-40-ਸੀ, ਯੂਟੀ, ਚੰਡੀਗੜ੍ਹ ਸ੍ਰੀ ਸੁਨੀਲ ਕੁਮਾਰ ਪੁੱਤਰ ਸਵ. ਸ੍ਰੀ ਨਿਵਾਸ ਜੈਨ, ਸ੍ਰੀ ਵਿਵੇਕ ਜੈਨ, ਸ੍ਰੀ ਵਿਵੇਕ ਜੈਨ ਪੁੱਤਰ ਸ੍ਰੀ ਸੁਨੀਲ ਕੁਮਾਰ ਜੈਨ ਅਤੇ ਸ੍ਰੀ ਸ਼ੁਭਮ ਜੈਨ ਪੁੱਤਰ ਸ੍ਰੀ ਸੁਨੀਲ ਕੁਮਾਰ ਜੈਨ (1/3 ਹਿੱਸਾ ਹਰੇਕ) ਦੇ ਨਾਮ ਹੈ। ਸ੍ਰੀ ਵਿਵੇਕ ਜੈਨ ਅਤੇ ਸ੍ਰੀ ਸ਼ੁਭਮ ਜੈਨ ਪੁੱਤਰ ਸ੍ਰੀ ਸੁਨੀਲ ਜੈਨ (1/3 ਹਿੱਸਾ ਹਰੇਕ) ਨੇ ਦੱਸੇ ਡਿਵੈਲਿੰਗ ਯੂਨਿਟ ਦੇ ਮਾਲਕਾਨਾ ਹੱਕ ਟਰਾਂਸਫਰ ਡੀਡ ਜੋ ਮਿਤੀ 04.06.2026 ਨੂੰ ਉਨ੍ਹਾਂ ਦੇ ਨਾਮ ਬਣਾਈ ਅਤੇ ਸਬ ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਰਜਿਸਟਰਡ ਹੋਈ ਦੇ ਆਧਾਰ 'ਤੇ ਆਪਣੇ ਨਾਂ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦਾ ਇੰਤਕਾਲ ਉਪਰੋਕਤ ਬਿਨੈਕਾਰ ਦੇ ਨਾਂ ਤਬਦੀਲ ਕੀਤੇ ਜਾਣ ਵਿਚ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖਤੀ ਤੌਰ 'ਤੇ ਨਿਮਨਹਸਤਾਖਰੀ ਨੂੰ ਇਸ ਨੋਟਿਸ ਦੇ ਪ੍ਰਕਾਸਨ ਦੇ 21 ਦਿਨਾਂ ਦੇ ਅੰਦਰ ਭੇਜ ਸਕਦਾ ਹੈ। ਇੰਝ ਨਾ ਹੋਣ ਦੀ ਸੂਰਤ ਵਿਚ ਉਪਰੋਕਤ ਡਵੈਲਿੰਗ ਯੂਨਿਟ ਦੀ ਮਲਕੀਅਤ ਦਾਅਵੇਦਾਰ ਦੇ ਨਾਂ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

ਚੰਡੀਗੜ੍ਹ
ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਅਦਾਰਾ
8, ਜਨ ਮਾਰਗ, ਸੈਕਟਰ
9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁੱਖ ਸਕੱਤਰ, ਸੀਐਚਬੀ, ਅਸਟੇਟ ਅਫ਼ਸਰ ਯੂਟੀ ਚੰਡੀਗੜ੍ਹ ਦੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ।

ਵਿਸ਼ਾ : ਡਵੈਲਿੰਗ ਯੂਨਿਟ ਨੰ. 2896-2, ਕੈਟਾਗਿਰੀ-ਐਲਆਈਜੀ ਸੈਕਟਰ-47-ਸੀ, ਚੰਡੀਗੜ੍ਹ ਦੇ ਇੰਤਕਾਲ/ਮਲਕੀਅਤ ਦੀ ਤਬਦੀਲੀ ਟਰਾਂਸਫਰ ਡੀਡ ਦੇ ਆਧਾਰ 'ਤੇ ਅਲਾਟੀ/ਟਰਾਂਸਫਰੀ ਸ੍ਰੀ ਤੇਜਵਿੰਦਰ ਠਾਕੁਰ ਪੁੱਤਰ ਸ੍ਰੀ ਵੀ.ਕੇ. ਠਾਕੁਰ ਦੇ ਨਾਂ ਤੋਂ ਸ੍ਰੀ ਅਨੀਸ਼ ਠਾਕੁਰ ਪੁੱਤਰ ਸ੍ਰੀ ਵੀ.ਕੇ. ਠਾਕੁਰ (ਵਿਜੇ ਕੁਮਾਰ ਠਾਕੁਰ) ਦੇ ਨਾਂ ਤਬਦੀਲ ਕਰਨ ਸੰਬਧੀ।

(ਭਰਾ ਤੋਂ ਭਰਾ)

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਡਵੈਲਿੰਗ ਯੂਨਿਟ ਨੰ. 2896-2, ਕੈਟਾਗਿਰੀ-ਐਲਆਈਜੀ ਸੈਕਟਰ-47-ਸੀ, ਚੰਡੀਗੜ੍ਹ ਅਲਾਟੀ/ਟਰਾਂਸਫਰੀ ਸ੍ਰੀ ਤੇਜਵਿੰਦਰ ਠਾਕੁਰ ਪੁੱਤਰ ਸ੍ਰੀ ਵੀ.ਕੇ. ਠਾਕੁਰ ਦੇ ਨਾਂ ਹੈ। ਸ੍ਰੀ ਅਨੀਸ਼ ਠਾਕੁਰ ਪੁੱਤਰ ਸ੍ਰੀ ਵੀ.ਕੇ. ਠਾਕੁਰ (ਵਿਜੇ ਕੁਮਾਰ ਠਾਕੁਰ) ਨੇ ਦੱਸੇ ਡਿਵੈਲਿੰਗ ਯੂਨਿਟ ਦੇ ਮਾਲਕਾਨਾ ਹੱਕ ਟਰਾਂਸਫਰ ਡੀਡ ਜੋ ਮਿਤੀ 26.05.2026 ਨੂੰ ਉਨ੍ਹਾਂ ਦੇ ਨਾਮ ਬਣਾਈ ਅਤੇ ਸਬ ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਖੇ ਰਜਿਸਟਰਡ ਹੋਈ ਦੇ ਆਧਾਰ 'ਤੇ ਆਪਣੇ ਨਾਂ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦਾ ਇੰਤਕਾਲ ਉਪਰੋਕਤ ਬਿਨੈਕਾਰ ਦੇ ਨਾਂ ਤਬਦੀਲ ਕੀਤੇ ਜਾਣ ਵਿਚ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖਤੀ ਤੌਰ 'ਤੇ ਨਿਮਨਹਸਤਾਖਰੀ ਨੂੰ ਇਸ ਨੋਟਿਸ ਦੇ ਪ੍ਰਕਾਸਨ ਦੇ 21 ਦਿਨਾਂ ਦੇ ਅੰਦਰ ਭੇਜ ਸਕਦਾ ਹੈ। ਇੰਝ ਨਾ ਹੋਣ ਦੀ ਸੂਰਤ ਵਿਚ ਉਪਰੋਕਤ ਡਵੈਲਿੰਗ ਯੂਨਿਟ ਦੀ ਮਲਕੀਅਤ ਦਾਅਵੇਦਾਰ ਦੇ ਨਾਂ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ

ਬੈਂਕ ਆਫ ਬੜੌਦਾ
Bank of Baroda

ਬੈਂਕ ਆਫ਼ ਬੜੌਦਾ

ਆਰਓਐਸਏਆਰਬੀ: ਜਲੰਧਰ ਖੇਤਰ, 24, ਪਹਿਲੀ ਮੰਜਿਲ,
ਵਿਜੇ ਨਗਰ, ਫੁੱਟਬਾਲ ਚੌਂਕ, ਜਲੰਧਰ, ਮੋ: 82880-21633
ਈ-ਮੇਲ: SARJAL@bankofbaroda.bank.in

ਈ-ਨਿਲਾਮੀ ਵਿਕਰੀ ਨੋਟਿਸ

ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ

ਸਾਰਣੀ 4 ਏ (ਰੂਲ 6(2) ਅਤੇ 8(6) ਦੀਆਂ ਤਜਵੀਜ਼ਾਂ ਵੇਖੋ)

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ 2002 ਜਿਸ ਨੂੰ ਸਕਿਉਰਿਟੀ ਇਨਟਰਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 6(2) ਅਤੇ 8(6) ਦੀਆਂ ਤਜਵੀਜ਼ਾਂ ਨਾਲ ਪੜ੍ਹਿਆ ਜਾਵੇ, ਤਹਿਤ ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਆਮ ਜਨ ਸਧਾਰਨ ਤੇ ਖਾਸ ਕਰ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਾਰੰਟਰਾਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਦਰਸਾਈ ਅਚੱਲ ਜਾਇਦਾਦ ਜੋ ਕਿ ਸੁਰਖਿਅਤ ਲੈਣਦਾਰ ਕੋਲ ਗਿਰਵੀ/ਗਹਿਣੇ ਹੈ ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰਖਿਅਤ ਲੈਣਦਾਰ ਦੇ ਅਧਿਕਾਰਤ ਅਫ਼ਸਰ ਨੇ ਲੈ ਲਿਆ ਹੈ, ਨੂੰ "ਜਿਵੇਂ ਹੈ, ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਹੈ ਉਥੇ ਹੈ" ਦੇ ਆਧਾਰ 'ਤੇ ਹੇਠ ਦਰਸਾਏ ਖਾਤਿਆਂ ਵਿਖੇ ਬਕਾਏ ਦੀ ਵਸੂਲੀ ਲਈ ਵੇਚੀ ਜਾਵੇਗੀ। ਕਰਜਦਾਰਾਂ/ਗਿਰਵੀਕਾਰਾਂ/ਗਰੰਟਰਾਂ/ਸੁਰਖਿਅਤ ਜਾਇਦਾਦ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਮਿਤੀ ਅਤੇ ਸਮਾਂ, ਈਐਮਡੀ ਅਤੇ ਬੋਲੀ ਵਾਧਾ ਰਕਮ ਹੇਠ ਦਰਸਾਈਆਂ ਗਈਆਂ ਹਨ ।

ਲੜੀ ਨੰ.	ਬਰਾਂਚ ਅਤੇ ਕਰਜਦਾਰ/ ਗਰੰਟਰ ਅਤੇ ਗਿਰਵੀਕਾਰ ਦੇ ਨਾਂ ਅਤੇ ਪਤਾ	ਅਚੱਲ ਜਾਇਦਾਦ ਦਾ ਵੇਰਵਾ	ਕਬਜੇ ਦੀ ਕਿਸਮ	ਜਾਇਦਾਦ ਦੀ ਕਿਸਮ	ਕੁੱਲ ਬਕਾਇਆ	ਰਾਖਵੀਂ ਕੀਮਤ	1. ਬੋਲੀ ਸ਼ੁਰੂ ਕੀਮਤ 2. ਈਐਮਡੀ ਰਕਮ	ਘੱਟੋ ਘੱਟ ਬੋਲੀ ਵਾਧਾ ਰਕਮ	ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ	ਜਾਇਦਾਦ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ	ਬਰਾਂਚ ਮੈਨੇਜਰ/ ਅਧਿਕਾਰਤ ਅਫਸਰ
1.	ਆਰਓਐਸਏਆਰਬੀ ਜਲੰਧਰ (ਸਰਜਲ) 1. ਮੈਸ. ਮਨਜੀਤ ਟਰੇਡਿੰਗ ਕੰਪਨੀ, ਪਿੰਡ ਨੰਗਲ ਖੇੜਾ, ਫਗਵਾੜਾ, ਜਿਲਾ ਕਪੂਰਥਲਾ, 2. ਸ੍ਰੀ ਮੱਖਣ ਸਿੰਘ, ਪਿੰਡ ਨੰਗਲ ਖੇੜਾ, ਫਗਵਾੜਾ, ਜਿਲਾ ਕਪੂਰਥਲਾ, 3. ਸ੍ਰੀਮਤੀ ਪਰਵੀਨ ਕੌਰ ਪਤਨੀ ਮੱਖਣ ਸਿੰਘ, ਧਿਆਨ ਕਲੋਨੀ, ਫਗਵਾੜਾ, ਜਿਲਾ ਕਪੂਰਥਲਾ	ਰਿਹਾਇਸੀ ਮਕਾਨ ਮਿਣਤੀ 7 ਮਰਲੇ (1 ਮਰਲਾ ਬਰਾਬਰ 272 ਵਰਗ ਫੁਟ) ਸਥਿਤੀ ਧਿਆਨ ਕਲੋਨੀ, ਫਗਵਾੜਾ, ਜਿਲਾ ਕਪੂਰਥਲਾ, ਜਿਸ ਦਾ ਖਸਰਾ ਨੰ 5//23/1/3-14, 23/2/3-16 ਕਿਟੇ 2, ਖਾਤਾ ਨੰ 142/190, ਜਮਾਂਬੰਦੀ ਸਾਲ 2004-2005, ਹਦਬਸਤ ਨੰ 101, ਰਜਿ. ਰਾਹੀਂ ਵਿਕਰੀ ਡੀਡ ਨੰ 2462 ਮਿਤੀ 19.09.2006 ਜੋ ਪਰਵੀਨ ਕੌਰ ਪਤਨੀ ਮੱਖਣ ਸਿੰਘ ਦੇ ਨਾਂ ਹੈ।	ਸੰਕੇਤਿਕ ਕਬਜਾ	ਰਿਹਾਇਸ਼ੀ ਜਾਇਦਾਦ	Rs. 94,42,063/- ਮਿਤੀ : 11.07.2013 ਤੱਕ ਜਮਾਂ ਗੈਰ ਲਾਗੂ ਬਿਆਜ ਜਮਾਂ ਲਾਗਤਾਂ ਅਤ ਹੋਰ ਚਾਰਜ ਅਦਾਇਗੀ ਦੀ ਮਿਤੀ ਤੱਕ	Rs. 15,13,350/-	Rs. 15,18,350/- Rs. 1,51,335/-	Rs. 5,000/-	27.06.2026 ਦੁਪਹਿਰ 02:00 ਤੋਂ ਸ਼ਾਮ 6:00 ਵਜੇ ਤੱਕ	ਸਿਰਫ ਮਿਲਣ ਦਾ ਸਮਾਂ ਲੈ ਕੇ	ਸ੍ਰੀਮਤੀ ਗਿਰੀਜਾ ਬੈਰਵਾ M.: 8288021633

ਨਿਯਮ ਅਤੇ ਸ਼ਰਤਾਂ:- (1) ਜਾਇਦਾਦ ਸੰਕੇਤਿਕ ਕਬਜ਼ੇ ਵਿੱਚ ਹੈ ਅਤੇ ਬੋਲੀਕਾਰ ਆਪਣੇ ਜੋਖਮ ਅਤੇ ਜ਼ਿੰਮੇਵਾਰੀ 'ਤੇ ਸੰਕੇਤਿਕ ਕਬਜ਼ੇ ਦੀ ਜਾਇਦਾਦ ਨੂੰ ਖਰੀਦ ਰਿਹਾ ਹੈ (2) ਬੈਂਕ ਜਾਇਦਾਦ ਦਾ ਕਬਜ਼ਾ ਸੰਕੇਤਿਕ ਤੌਰ 'ਤੇ ਹੀ ਸੌਂਪੇਗਾ ਅਤੇ ਸਫਲ ਨਿਲਾਮੀ ਬੋਲੀਕਾਰ/ਖਰੀਦਦਾਰ ਬੈਂਕ ਤੋਂ ਭੌਤਿਕ ਕਬਜ਼ੇ ਦਾ ਦਾਅਵਾ ਨਹੀਂ ਕਰੇਗਾ (3) ਬੈਂਕ ਭੌਤਿਕ ਕਬਜ਼ੇ ਨੂੰ ਸੌਂਪਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ (4) ਸਫਲ ਨਿਲਾਮੀ ਖਰੀਦਦਾਰ ਪੈਸੇ ਦੀ ਵਾਪਸੀ ਦੇ ਕਿਸੇ ਵੀ ਮਾਮਲੇ ਵਿੱਚ ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ (5) ਸਫਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਅਤੇ ਸ਼ਰਤਾਂ ਦੀ ਪੁਸ਼ਟੀ ਕਰਦੇ ਹੋਏ ਘੋਸ਼ਣਾ-ਕਮ-ਅੰਡਰਟੇਕਿੰਗ ਜਮ੍ਹਾ ਕਰਨਾ ਹੋਵੇਗਾ। (6) ਵਿਕਰੀ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਘੋਸ਼ਣਾ-ਕਮ-ਅੰਡਰਟੇਕਿੰਗ ਜਮ੍ਹਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਬੋਲੀ ਈਐਮਡੀ ਰਕਮ ਜ਼ਬਤ ਕਰ ਲਈ ਜਾਵੇਗੀ।

ਵਿਕਰੀ ਦੀਆਂ ਵਧੇਰੇ ਨਿਯਮ ਅਤੇ ਸ਼ਰਤਾਂ ਲਈ ਕ੍ਰਿਪਾ ਵੈਬਸਾਈਟ ਲਿੰਕ https://www.bankofbaroda.in/e-auction.htm ਤੇ ਆਨਲਾਈਨ ਨਿਲਾਮੀ ਪੋਰਟਲ https://baanknet.com 'ਤੇ ਪਹੁੰਚ ਕਰੋ। ਸੰਭਾਵੀ ਬੋਲੀਕਾਰ ਅਧਿਕਾਰਤ ਅਫਸਰ ਨਾਲ ਵੀ ਸੰਪਰਕ ਸਕਦਾ ਹੈ।

***ਈਐਮਡੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ: 27.06.2026 ਸ਼ਾਮ 6:00 ਵਜੇ ਤੱਕ**
***ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 27.06.2026 ਦੁਪਹਿਰ 2:00 ਤੋਂ ਸ਼ਾਮ 06:00 ਵਜੇ ਤੱਕ**

ਇਸ ਨੂੰ ਸਰਫੇਸੀ ਐਕਟ 2002 ਤਹਿਤ 15 ਦਿਨਾਂ ਦਾ ਸਟੇਚੁਰੀ ਵਿਕਰੀ ਨੋਟਿਸ ਵੀ ਸਮਝਿਆ ਜਾਵੇ

ਮਿਤੀ: 09.06.2026 **ਸਥਾਨ: ਜਲੰਧਰ** **ਅਧਿਕਾਰਿਤ ਅਫਸਰ**